ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
(ਪ੍ਰਮੋਸ਼ਨ ਸੈੱਲ)
ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ – ਈ-539042/2023 (ਪੀ-4)    ਮਿਤੀ- 03.07.2026

1. Notification No. G.S.R. 48/Const./ Art.309/ Amd.(4)/2024 dated the 04.09.2024, containing amendment in the Punjab Educational (Teaching Cadre) Group 'C' Service Rules, 2018 ਅਤੇ Notification No.G.S.R.192/Const./Art.309/Amd.(7)/ 2025 dated 10.12.2025 containing amendment in the Punjab Educational (Teaching Cadre) Group C Service Rules, 2018 ਦੀ ਰੌਸ਼ਨੀ ਵਿੱਚ ਜੇ.ਬੀ.ਟੀ. / ਈ.ਟੀ.ਟੀ. ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ ਰਾਖਵੇਂ ਕੋਟੇ ਅਧੀਨ ਪਦ-ਉੱਨਤੀਆਂ ਵਿਚਾਰਨ ਲਈ ਪੰਜਾਬ ਰਾਜ ਦੇ ਵੱਖ-2 ਜਿਲਿਆਂ ਵਿੱਚ ਤੈਨਾਤ ਜੇ.ਬੀ.ਟੀ. / ਈ.ਟੀ.ਟੀ. ਕਾਡਰ ਦੇ ਕਰਮਚਾਰੀਆਂ ਦੀ ਇੰਟਰਸੇ ਸੀਨੀਆਰਤਾ ਤਿਆਰ ਕੀਤੀ ਗਈ ਹੈ।
2. ਇਹ ਇੰਟਰਸੇ ਸੀਨੀਆਰਤਾ ਵੱਖ-2 ਸਮਿਆਂ ਤੇ ਸਿੱਧੀ ਭਰਤੀ ਰਾਹੀਂ ਨਿਯੁਕਤ ਜੇ.ਬੀ.ਟੀ. / ਈ.ਟੀ.ਟੀ. ਕਾਡਰ ਦੇ ਕਰਮਚਾਰੀਆਂ ਦੇ ਵੱਖ-ਵੱਖ ਭਰਤੀ ਦੇ ਬੈਚਾਂ ਅਤੇ ਸਬੰਧਤ ਬੈਚ ਦੀ ਮੈਰਿਟ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ।
3. ਜਿਲਾ ਪ੍ਰੀਸ਼ਦਾਂ ਦੀਆਂ ਭਰਤੀਆਂ ਅਧੀਨ ਨਿਯੁਕਤ ਕਰਮਚਾਰੀਆਂ ਦੀ ਇੰਟਰਸੇ ਸੀਨੀਆਰਤਾ ਸਬੰਧੀ-
   (i) ਜਿਲ੍ਹਾ ਪ੍ਰੀਸ਼ਦਾਂ ਵੱਲੋਂ ਸਾਲ 2006 ਵਿੱਚ ਨਿਯੁਕਤ ਈ.ਟੀ.ਟੀ. ਕਰਮਚਾਰੀਆਂ ਦੀ ਭਰਤੀ ਤਿੰਨ ਵੱਖ-2 ਵਿਗਿਆਪਨਾਂ ਰਾਹੀਂ ਹੋਈ, ਇਸ ਲਈ ਇਸ ਇੰਟਰਸੇ ਸੀਨੀਆਰਤਾ ਵਿੱਚ ਵੀ ਜਿਲ੍ਹਾ ਪ੍ਰੀਸ਼ਦ ਦੀ ਭਰਤੀ ਦੇ ਤਿੰਨ ਵੱਖ-2 ਬੈਚ ਰੱਖੇ ਗਏ ਹਨ।
   (ii) ਉਕਤ ਅਨੁਸਾਰ ਨਿਯੁਕਤ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਵਿੱਚ ਸਾਲ 2011 ਅਤੇ 2014 ਵਿੱਚ ਮਰਜ ਕੀਤਾ ਗਿਆ ਸੀ, ਇਸ ਲਈ ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ ਦੇ ਪੱਤਰ / ਮਿਤੀ 15.01.2019 ਦੀ ਰੌਸ਼ਨੀ ਵਿੱਚ ਸਾਲ 2011 ਦੌਰਾਨ ਸਿੱਖਿਆ ਵਿਭਾਗ ਵਿੱਚ ਮਰਜ ਕਰਮਚਾਰੀਆਂ ਨੂੰ ਸਾਲ 2014 ਵਿੱਚ ਮਰਜ ਹੋਣ ਵਾਲੇ ਕਰਮਚਾਰੀਆਂ ਤੋਂ ਸੀਨੀਅਰ ਮੰਨਿਆ ਗਿਆ ਹੈ।
4. ਉਕਤ ਅਨੁਸਾਰ ਤਿਆਰ ਕੀਤੀ ਗਈ ਇੰਟਰਸੇ ਸੀਨੀਆਰਤਾ ਨੂੰ ਇਸ ਨੋਟਿਸ ਰਾਹੀਂ ਜਨਤਕ ਕਰਦਿਆਂ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਰਾਹੀਂ ਇਤਰਾਜਾਂ ਦੀ ਮੰਗ ਕੀਤੀ ਜਾਂਦੀ ਹੈ।
5. ਸਮੂਹ ਕਰਮਚਾਰੀ ਆਪਣੇ ਇਤਰਾਜ ਮਿਤੀ 07.07.2026 ਤੱਕ ਸਬੰਧਤ ਜਿ.ਸਿ.ਅ. ਦੇ ਦਫਤਰਾਂ ਨੂੰ ਪੇਸ਼ ਕਰਨਗੇ ਅਤੇ ਸਮੂਹ ਜਿ.ਸਿ.ਅ. ਦੇ ਦਫ਼ਤਰ ਆਪਣੇ ਆਪਣੇ ਜਿਲੇ ਦੇ ਇਤਾਰਜਾਂ ਨੂੰ ਸੰਕਲਿਤ ਕਰਕੇ ਮਿਤੀ 09.07.2026 ਤੱਕ ਮੁੱਖ ਦਫ਼ਤਰ ਵਿਖੇ ਪੁਜਦੇ ਕਰਨਗੇ। ਸਮੂਹ ਜਿ.ਸਿ.ਅ. ਦੇ ਦਫ਼ਤਰ ਸੰਕਲਿਤ ਇਤਾਰਜਾਂ ਦੀ ਜਿ.ਸਿ.ਅ. ਤੋਂ ਹਸਤਾਖਰਿਤ (Signed) ਇੱਕ ਕਾਪੀ ਅਤੇ ਸਾਫਟ ਡਾਟਾ ਪੈੱਨ ਡਰਾਈਵ ਰਾਹੀਂ ਮੁੱਖ ਦਫ਼ਤਰ ਨੂੰ ਪੇਸ਼ ਕਰਨਗੇ।

ਨੋਟ- ਸਮੂਹ ਕਰਮਚਾਰੀ ਆਪਣੇ ਇਤਾਰਜ ਅਤੇ ਦ.ਜਿ.ਸਿ.ਅ. ਇਤਰਾਜਾਂ ਦੀ ਸੂਚੀ ਨੂੰ TIMES NEW ROMAN ਫੌਂਟ ਵਿੱਚ ਤਿਆਰ ਕਰਕੇ ਭੇਜਣਗੇ ਤਾਂ ਜੋ ਇੰਟਰਸੇ ਸੀਨੀਆਰਤਾ ਸੂਚੀਆਂ ਨੂੰ ਅੰਤਿਮ ਰੂਪ ਦੇਣ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ।

3.7.26
ਸਹਾਇਕ ਡਾਇਰੈਕਟਰ (ਪ੍ਰਮੋਸ਼ਨ)